# ਗੁਰਮਤਿ ਸੰਗੀਤ

## ਸਿਰੀ ਰਾਗ

ਪ੍ਰੋ. ਹਰਕੀਰਤ ਕੌਰ
ਰਾਮਗੜ੍ਹੀਆ ਗਰਲਜ਼ ਕਾਲਜ
ਜੁਆਇੰਟ ਡਾਇਰੈਕਟਰ
ਗੁਰਮਤਿ ਸੰਗੀਤ ਅਤੇ ਕੀਰਤਨ ਡਾਇਰੈਕਟੋਰੇਟ



**ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥ (ਮ: ੩, ਪੰਨਾ ੮੩)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗੁ ਤਰਤੀਬ ਵਿੱਚ ਸਿਰੀਰਾਗੁ ਨੂੰ ਪ੍ਰਥਮ ਸਥਾਨ ਦਿੱਤਾ ਗਿਆ ਹੈ ਜੋ ਕਿ ਪੰਨਾ ਨੰ: 14 ਤੋਂ 93 ਤੱਕ ਦਰਜ ਹੈ। ਇਸ ਰਾਗ ਅੰਦਰ ਅੰਕਿਤ ਬਾਣੀ ਪੜ੍ਹਦਿਆਂ ਇਉਂ ਪ੍ਰਤੀਤ ਹੁੰਦਾ ਹੈ ਜਿਉਂ ਅਕਾਲ ਪੁਰਖ ਨੇ ਇਸ ਦੇਹ ਵਿੱਚ ਉਸ ਅਗੰਮੀ ਜੋਤ ਦੀ ਹੋਂਦ ਦਾ ਸੰਕੇਤ ਦਿੰਦਿਆਂ ਉਸ ਦੀ ਭਾਲ ਦਰਸਾਈ ਹੈ ਜੋ ਕਿ ਮਨੁੱਖਾ ਦੇਹੀ ਲਈ ਇਕ ਅਤਿ ਡੂੰਘੀ ਸੋਚ ਹੈ। ਇਸ ਰਾਗ ਦਾ ਸਰੂਪ ਸ਼ਬਦ ਧੁਨੀ ਰਾਹੀਂ ਗਾਇਨ ਕਰਨ ਤੇ ਸਰੀਰ ਦੇ ਅੰਤਰੀਵ ਵਸੇ ਹਿਰਦੇ ਨੂੰ ਜਗਾਉਣ ਲਈ ਸੋਜ਼ ਭਰਿਆ ਮਾਹੌਲ ਸਿਰਜਦਾ ਹੈ। ਸਿਰੀ ਰਾਗ ਇਕ ਪੁਰਾਤਨ ਰਾਗ ਹੈ। ਇਸ ਰਾਗ ਦੀ ਪ੍ਰਕ੍ਰਿਤੀ ਗੰਭੀਰ ਤੇ ਸ਼ਾਂਤ ਹੈ। ਗਾਇਨ ਕਠਨ ਹੋਣ ਕਾਰਨ ਸਿਰੀ ਰਾਗ ਨੂੰ ਕੁਸ਼ਲ ਗਾਇਕ ਹੀ ਪੂਰਨਤਾ ਨਾਲ ਨਿਭਾ ਸਕਦੇ ਹਨ।

| | | | | | |
|---|---|---|---|---|---|
| ਰਾਗ | - | ਸਿਰੀਰਾਗੁ | ਵਾਦੀ | - | ਰਿਸ਼ਭ |
| ਥਾਟ | - | ਪੂਰਵੀ | ਸੰਵਾਦੀ | - | ਪੰਚਮ |
| ਸਵਰ | - | ਰਿਸ਼ਭ, ਧੈਵਤ ਕੋਮਲ ਮਧਿਅਮ ਤੀਵਰ, ਬਾਕੀ ਸ਼ੁੱਧ | ਸਮਾਂ | - | ਸੰਧੀ ਪ੍ਰਕਾਸ਼ (ਸ਼ਾਮ ਦਾ ਸਮਾਂ) |
| | | | ਆਰੋਹ | - | ਸ ਰੇ॒, ਮ॑ ਪ, ਨੀ ਸਂ |
| ਵਰਜਿਤ ਸਵਰ | - | ਆਰੋਹ ਵਿੱਚ ਗੰਧਾਰ ਤੇ ਧੈਵਤ ਵਰਜਿਤ | ਅਵਰੋਹ | - | ਸਂ ਨੀ ਧ॒ ਪ, ਮ॑ ਗ ਰੇ॒, ਸ |
| ਜਾਤੀ | - | ਔੜਵ-ਸੰਪੂਰਨ | ਮੁੱਖ ਅੰਗ | - | ਸ, ਰੇ॒ ਰੇ॒, ਪ, ਮ॑ ਗ ਰੇ॒, ਗ ਰੇ॒, ਰੇ॒ ਸ |

**ਸਵਰ ਵਿਸਥਾਰ (ਅਲਾਪ)**

1. ਸ, ਸ ਰੇ॒ ਰੇ॒, ਸ, ਰੇ॒ ਗ ਰੇ॒ ਰੇ॒ ਸ, ਨ਼ ਸ ਨ਼ ਧ਼॒ ਪ਼, ਮ਼॑ ਪ਼ ਨ਼ ਨ਼ ਸ, ਰੇ॒ ਰੇ॒ ਸ, ਗ ਰੇ॒, ਸ ਗ ਰੇ॒, ਰੇ॒ ਸ, ਰੇ॒ ਰੇ॒ ਮ॑ ਪ, ਰੇ॒ ਪ ਮ॑ ਪ, ਮ॑ ਪ ਮ॑ ਧ॒ ਮ॑ ਗ ਰੇ॒, ਪ ਰੇ॒, ਰੇ॒ ਗ ਰੇ॒, ਗ ਰੇ॒, ਨ਼ ਰੇ॒ ਸ।
2. ਸ, ਰੇ॒ ਗ ਰੇ॒, ਰੇ॒ ਰੇ॒ ਮ॑ ਪ, ਮ॑ ਪ ਨੀ ਧ॒ ਪ, ਧ॒ ਮ॑ ਗ ਰੇ॒, ਰੇ॒ ਮ॑ ਪ, ਮ॑ ਪ ਨ ਨ ਧ॒ ਪ, ਮ॑ ਪ ਨ ਸਂ ਨ ਧ॒ ਪ, ਪ ਨ ਸਂ, ਨ ਧ॒ ਪ, ਪ ਨ ਸਂ ਰੇਂ॒ ਰੇਂ॒ ਸਂ, ਰੇਂ॒ ਗਂ ਰੇਂ॒ ਸਂ, ਸਂ ਰੇਂ॒ ਗਂ ਰੇਂ, ਮ॑ਂ ਗਂ ਰੇਂ॒, ਰੇਂ ਪਂ, ਮ॑ਂ ਗਂ ਰੇਂ॒, ਰੇਂ॒ ਸਂ, ਨ ਸਂ, ਰੇਂ॒ ਨ ਧ॒ ਪ, ਧ॒ ਮ॑ ਪ, ਧ॒ ਮ॑ ਗ ਰੇ॒, ਪ ਰੇ॒, ਰੇ॒ ਗ ਰੇ॒, ਰੇ॒ ਸ।

### ਸਿਰੀਰਾਗੁ ਮਹਲਾ ੧ ਘਰੁ ੪।। (੨੫)

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥ ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥ ਨ ਜਾਣਾ ਮੇਉ ਨ ਜਾਣਾ ਜਾਲੀ ॥ ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥ ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥ ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥੨॥ ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ ॥ ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥ ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥੪॥੩੧॥

### ਸਿਰੀ ਰਾਗ

ਤੀਨ ਤਾਲ ਮਾਤਰਾ-16
(ਮੱਧ ਲੈਅ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | **ਸਥਾਈ** | | | | | ਪ– | –ਪ | –ਪ |
| | | | | | | | | | | | | | ਨਾS | Sਜਾ | Sਣਾ |
| ਰੇ॒ | ਗ | ਰੇ॒ | ਸ | – | ਸ | ਰੇ॒ਨ਼ੀ | –ਸ | ਪ਼ | ਨ਼ੀ | ਸ | ਰੇ॒ | – | ਪ– | ਪ– | ਪ– |
| ਮੇ॒ | S | ਉ॒ | S | S | ਨਾ | Sਜਾ | Sਣਾ | ਜਾ | S | ਲੀ | S | S | ਜਾS | ਦੁS | ਖੁS |
| ਮ॑ | ਧ॒ | ਮ॑ | ਪ | – | ਨੀ | ਨੀਨੀ | ਰੇਂ॒– | ਨੀ | ਧ॒ | ਪ | ਪ | – | | | |
| ਲਾ | S | ਗੈ | ਤਾ | – | ਤੁ | ਝੈS | SS | ਸ | S | ਮਾ | S | ਲੀ | | | |
| × | | | | 2 | | | | 0 | | | | 3 | | | |
| | | | | | | | | **ਅੰਤਰਾ** | | | | | ਮ॑– | ਮ॑– | ਮ॑ਪ |
| | | | | | | | | | | | | | ਤੂੰS | SS | ਦਰੀ |
| ਨੀ | ਨੀ | ਸਂ | ਸਂ | – | ਸਂ | ਰੇਂ॒ਸ | ਰੇਂ॒ | ਨੀ | ਨੀ | ਸਂ– | ਸਂ | – | ਨੀ | ਰੇਂ॒ਗ | ਰੇਂ॒ |
| ਆ | SS | ਉ | S | S | ਦਾ | Sਨਾ | SS | ਬੀ | S | ਨ਼ਾS | S | S | ਮੈ | Sਮ | ਛੁ |
| ਗਂਰੇਂ॒ | ਰੇਂ॒ | ਨੀ | ਸਂ | – | ਨੀ | ਸਂਨੀ | ਧ॒– | ਸਂ | ਨੀ | ਮ॑– | ਪ | – | | | |
| ਲੀS | S | ਕੈ | ਸੇ | S | ਅੰ | Sਤ | ਲS | ਹਾ | S | S | S | S | | | |
| × | | | | 2 | | | | 0 | | | | 3 | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਇਸੇ ਪ੍ਰਕਾਰ ਗਾਇਨ ਕਰਨੇ ਜੀ।

**ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ॥ (ਪੰਨਾ ੫੯੩)**